# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰਸ਼ਨ ਪੱਤਰ ਦੀ ਰੂਪ-ਰੇਖਾ , ਮਾਰਚ 2020

ਜਮਾਤ: ਪੰਜਵੀਂ

ਵਿਸ਼ਾ-ਪੰਜਾਬੀ (ਦੂਜੀ ਭਾਸ਼ਾ)

ਸਮਾਂ-ਤਿੰਨ ਘੰਟੇ ਕੁੱਲ ਅੰਕ: 100

ਸਲਾਨਾ ਪਰੀਖਿਆ 80 ਅੰਕ

ਸੀ. ਸੀ. ਈ. 20 ਅੰਕ

ClassResult.in

| | | | |
|---|---|---|---|
| ਪ੍ਰਸ਼ਨ ਨੰ . 1 | ਪਾਠ-ਪੁਸਤਕ ਵਿੱਚੋਂ ਇਕ ਪੈਰਾ ਦੇ ਕੇ ਉਸ ਵਿਚੋਂ ਪੰਜ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 10 ਅੰਕ ਹੋਣਗੇ । | 5X2 | 10 |
| ਪ੍ਰਸ਼ਨ ਨੰ . 2 | ਪਾਠ-ਪੁਸਤਕ ਵਿੱਚੋਂ 12 ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਵਿਕਲਪਾਂ ਵਿਚੋਂ ਚੁਣ ਕੇ ਦੇਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 12 ਅੰਕ ਹੋਣਗੇ । | 12X1 | 12 |
| ਪ੍ਰਸ਼ਨ ਨੰ . 3 | ਪਾਠ-ਪੁਸਤਕ ਵਿਚੋਂ 11 ਪ੍ਰਸ਼ਨ ਦੇ ਕੇ ਕਿਸੇ ਨੌਂ ਪ੍ਰਸ਼ਨਾਂ ਦੇ ਉੱਤਰ ਇਕ ਜਾਂ ਦੋ ਵਾਕਾਂ ਵਿਚ ਦੇਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 18 ਅੰਕ ਹੋਣਗੇ । | 9X2 | 18 |
| ਪ੍ਰਸ਼ਨ ਨੰ . 4 | ਪਾਠ-ਪੁਸਤਕ ਵਿਚੋਂ ਪਾਠ ਦੇ ਅੰਤ ਵਿਚ ਦਿੱਤੇ ਅਭਿਆਸਾਂ ਵਿੱਚੋਂ, ਪੰਜਾਂ ਵਿੱਚੋਂ ਕਿਸੇ ਚਾਰ ਪੰਜਾਬੀ ਸ਼ਬਦਾਂ ਦੇ ਹਿੰਦੀ ਰੂਪ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 5 | ਪਾਠ-ਪੁਸਤਕ ਵਿਚੋਂ ਪਾਠ ਦੇ ਅੰਤ ਵਿਚ ਦਿੱਤੇ ਅਭਿਆਸਾਂ ਵਿੱਚੋਂ, ਪੰਜਾਂ ਵਿੱਚੋਂ ਕਿਸੇ ਚਾਰ ਪੰਜਾਬੀ ਸ਼ਬਦਾਂ ਦੇ ਹਿੰਦੀ ਰੂਪ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 6 | ਪਾਠ-ਪੁਸਤਕ ਵਿੱਚੋਂ ਪਾਠ ਦੇ ਅੰਤ ਵਿਚ ਦਿੱਤੇ ਅਭਿਆਸਾਂ ਵਿੱਚੋਂ, ਪੰਜਾਂ ਵਿੱਚੋਂ ਕਿਸੇ ਚਾਰ ਸ਼ਬਦਾਂ ਨੂੰ ਵਾਕਾਂ ਵਿਚ ਵਰਤਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 7 | ਪਾਠ-ਪੁਸਤਕ ਵਿਚੋਂ ਪਾਠ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿਚੋਂ ਦਿੱਤੇ ਗਏ ਸ਼ਬਦਾਂ ਵਿੱਚੋਂ ਚੁਣ ਕੇ ਵਾਕਾਂ ਵਿਚ ਦਿੱਤੇ ਚਾਰ ਖਾਲੀ-ਸਥਾਨ ਭਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 8 | ਪੰਜਾਂ ਵਿੱਚੋਂ ਕਿਸੇ ਚਾਰ ਸ਼ਬਦਾਂ ਦੇ ਲਿੰਗ ਬਦਲਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 9 | ਪੰਜਾਂ ਵਿੱਚੋਂ ਕਿਸੇ ਚਾਰ ਸ਼ਬਦਾਂ ਦੇ ਵਚਨ ਬਦਲਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 4 ਅੰਕ ਹੋਣਗੇ । | 4X1 | 4 |
| ਪ੍ਰਸ਼ਨ ਨੰ . 10 | ਦਿੱਤੇ ਗਏ ਤਿੰਨ ਜਾਂ ਚਾਰ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ 'ਤੇ ਲੇਖ ਲਿਖਣ ਲਈ ਕਿਹਾ ਜਾਵੇਗਾ । ਇਸ ਪ੍ਰਸ਼ਨ ਦੇ 8 ਅੰਕ ਹੋਣਗੇ । | 1X8 | 8 |
| ਪ੍ਰਸ਼ਨ ਨੰ . 11 | ਦਿੱਤੇ ਗਏ ਦੋ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ 'ਤੇ ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ । | 1X8 | 8 |
| ਕੁੱਲ ਅੰਕ | | | 80 |

**ਨੋਟ:** ਪ੍ਰਸ਼ਨ-ਪੱਤਰ ਦੀ ਇਹ ਰੂਪ-ਰੇਖਾ ਕੇਵਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਪ੍ਰਸ਼ਨ-ਪੱਤਰ ਦਾ ਮੁਹਾਂਦਰਾ ਸਮਝਣ ਲਈ ਹੈ । ਸਲਾਨਾ ਪਰੀਖਿਆ ਦੇ ਪ੍ਰਸ਼ਨ ਪੱਤਰ ਵਿਚ ਕੁਝ ਭਿੰਨਤਾ ਹੋ ਵੀ ਸਕਦੀ ਹੈ ।

## ਪੰਜਾਬ ਸਕੂਲ ਸਿੱਖਿਆ ਬੋਰਡ

## ਨਮੂਨੇ ਦਾ ਪ੍ਰਸ਼ਨ ਪੱਤਰ, ਮਾਰਚ 2020

ਜਮਾਤ: ਪੰਜਵੀਂ

ਪੰਜਾਬੀ (ਦੂਜੀ ਭਾਸ਼ਾ)

ਕੁੱਲ ਅੰਕ: 80

ਸਮਾਂ- ਤਿੰਨ ਘੰਟੇ

ਪ੍ਰਸ਼ਨ-1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

[illegible]

[illegible]

[illegible]

ਡਰਾਈਵਰ ਨੂੰ ਪੁੱਛਿਆ, 'ਕੀ ਖਰਾਬੀ ਹੋ ਗਈ, ਭਰਾਵਾ?'

ClassResult.in

(i) ਬੁੱਢੀ ਮਾਈ ਆਪਣੀ ਟੋਕਰੀ ਉੱਤੇ ਚੁੱਕ ਕੇ ਕੀ ਬੋਲੀ ?

(ii) ਸ਼ਹਿਰੀ ਬੰਦੇ ਨੇ ਕੀ ਸੋਚਿਆ ?

(iii) ਸਾਰੇ ਲੋਕ ਕੀ ਸ਼ਿਕਾਇਤ ਕਰ ਰਹੇ ਸਨ ?

(iv) ਸ਼ਹਿਰ ਬਾਲਣ ਦੀ ਥਾਂ ਕੀ-ਕੀ ਵਰਤਿਆ ਜਾਂਦਾ ਹੈ ?

(v) ਬੱਸ ਕੋਲ ਆ ਕੇ ਸ਼ਹਿਰੀ ਨੂੰ ਕੀ ਪਤਾ ਲੱਗਿਆ ? 5X2=10

ਪ੍ਰਸ਼ਨ-2. ਹੇਠ ਲਿਖੇ ਪ੍ਰਸ਼ਨਾਂ ਹੇਠਾਂ ਦਿੱਤੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ:

(i) 'ਸਾਡਾ ਦੇਸ਼ ਮਹਾਨ' ਕਵਿਤਾ ਵਿੱਚ ਕਿਸ ਦੇਸ਼ ਨੂੰ ਮਹਾਨ ਕਿਹਾ ਗਿਆ ਹੈ ?

1. ਪੰਜਾਬ 2. ਗੁਜਰਾਤ 3. ਭਾਰਤ 4. ਉੜੀਸਾ

(ii) ਹੈਰੀ ਦੇ ਮਾਮਾ ਜੀ ਕੀ ਕੰਮ ਕਰਦੇ ਸਨ ?

1. ਡਾਕਟਰ 2. ਸ਼ਿਕਾਰੀ 3. ਕਿਸਾਨ 4. ਵਪਾਰੀ

(iii) ਕਿੱਕਲੀ ............ ਦੀਆਂ ਕੁੜੀਆਂ ਦੀ ਹਰਮਨ ਪਿਆਰੀ ਖੇਡ ਕਿਹਦੀ ਹੈ।

1. ਉੱਤਰ-ਪ੍ਰਦੇਸ਼ 2. ਰਾਜਸਥਾਨ 3. ਪੰਜਾਬ 4. ਤਾਮਿਲਨਾਡੂ

(iv) 'ਕੌਮ ਦੀ ਸੇਵਾਦਾਰ' ਕਵਿਤਾ ਵਿੱਚ ਕੌਮ ਦੀ ਸੇਵਾਦਾਰ ਕਿਸ ਨੂੰ ਕਿਹਾ ਗਿਆ ਹੈ ?

1. ਡਾਕਟਰਨੀ 2. ਅਧਿਆਪਕਾ 3. ਗੁਆਂਢਣ 4. ਨਰਸ

(v) ਗੁਲਾਬ ਦਾ ਪੌਦਾ ਕਿੰਨੇ ਦਿਨਾਂ ਤੋਂ ਬਿਮਾਰ ਸੀ ?

1. ਇਕ-ਦੋ  2. ਦੋ-ਤਿੰਨ  3. ਤਿੰਨ-ਚਾਰ  4. ਚਾਰ-ਪੰਜ

(vi) ਨਿੰਮੀ ਨੂੰ ਗੀਟੇ ਖੇਡਣ ਲਈ ਕਿਸ ਨੇ ਬੁਲਾਇਆ ਸੀ ?

1. ਪੰਮੀ ਨੇ  2. ਨਿੰਮੀ ਦੀ ਮਾਤਾ ਜੀ ਨੇ  3. ਨਿੰਮੀ ਦੀ ਆਂਟੀ ਨੇ  4. ਪਵਿੱਤਰ ਨੇ

(vii) ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ?

1. ਪਹਿਲੇ  2. ਪੰਜਵੇਂ  3. ਨੌਵੇਂ  4. ਦਸਵੇਂ

(viii) 'ਚੰਦਰੀ ਲੂੰਬੜੀ' ਕਿਹੜੇ ਜੰਗਲ ਵਿੱਚ ਰਹਿੰਦੀ ਸੀ ?

1. ਬਾਹਰਲੇ  2. ਅੰਦਰਲੇ  3. ਪਹਾੜੀ  4. ਸੰਘਣੇ

(ix) ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਸ ਜਗ੍ਹਾ ਕੈਦ ਕਰਕੇ ਰੱਖਿਆ ਗਿਆ ?

1. ਮੋਰਿੰਡੇ ਦੇ ਥਾਣੇ 'ਚ  2. ਸਰਹਿੰਦ ਦੇ ਕਿਲ੍ਹੇ 'ਚ  3. ਸਰਹਿੰਦ ਦੇ ਠੰਢੇ ਬੁਰਜ 'ਚ

4. ਅਨੰਦਪੁਰ ਸਾਹਿਬ ਦੇ ਕਿਲ੍ਹੇ 'ਚ

(x) ਰਵੀ ਕਿਸ ਪ੍ਰਾਂਤ ਦਾ ਵਸਨੀਕ ਸੀ ?

1. ਹਰਿਆਣਾ  2. ਬੰਗਾਲ  3. ਪੰਜਾਬ  4. ਜੰਮੂ ਅਤੇ ਕਸ਼ਮੀਰ

(xi) ਉੱਡਣਾ ਸਿੱਖ-ਮਿਲਖਾ ਸਿੰਘ ਕੀ ਹੈ ?

1. ਕਬੱਡੀ-ਖਿਡਾਰੀ  2. ਮੁੱਕੇਬਾਜ਼  3. ਪਹਿਲਵਾਨ  4. ਦੌੜਾਕ

(xii) ਸਤਨਾਮ ਦੇ ਪਾਪਾ ਅਤੇ ਸੋਨੋਂ ਦੇ ਡੈਡੀ ............. ਸਨ।

1. ਦੋਸਤ  2. ਚਚੇਰੇ ਭਰਾ  3. ਸਕੇ ਭਰਾ  4. ਪੱਕੇ ਦੁਸ਼ਮਣ

12X1 =12

ਪ੍ਰਸ਼ਨ-3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਨੌਂ ਪ੍ਰਸ਼ਨਾਂ ਦੇ ਉੱਤਰ ਇਕ ਜਾਂ ਦੋ ਵਾਕਾਂ ਵਿੱਚ ਦਿਓ :

(i) 'ਸਾਡਾ ਦੇਸ਼ ਮਹਾਨ' ਕਵਿਤਾ ਵਿੱਚ ਸਾਰੇ ਭਾਰਤਵਾਸੀਆਂ ਨੂੰ ਕਿਸ ਦੇ ਪੁੱਤਰ ਕਿਹਾ ਗਿਆ ਹੈ ?

(ii) ਗੌਰੀ ਦੇ ਘਰ ਦੇ ਚੜ੍ਹਦੇ ਪਾਸੇ ਵੱਲ ਕਿਹੜੀਆਂ ਪਹਾੜੀਆਂ ਸਨ ?

(iii) ਕਿਹੜੀ ਪਾਠ ਵਿੱਚ ਆਏ ਕਿਸੇ ਦੋ ਕਿਸਾਨਾਂ ਦੇ ਨਾਂ ਲਿਖੋ।

(iv) ਨਾਨੀ ਜੀ ਨੇ ਨਵੀਨ ਨੂੰ ਕਿਨ੍ਹਾਂ ਦੀ ਕਹਾਣੀ ਸੁਣਾਈ ?

(v) ਸਤਨਾਮ ਨੂੰ ਪਾਪਾ ਦੀ ਕਹੀ ਕਿਹੜੀ ਗੱਲ ਸਮਝ ਆ ਗਈ ਸੀ ?

(vi) ਘੜੇ ਦਾ ਪਾਣੀ ਉੱਪਰ ਤਕ ਲਿਆਉਣ ਲਈ ਕਾਂ ਨੇ ਕਿਹੜੀ ਜੁਗਤ ਵਰਤੀ ?

(vii) ਬਾਲਣ ਮੁੱਕਣ ਨਾਲ ਆਵਾਜਾਈ ਦੇ ਕਿਹੜੇ-ਕਿਹੜੇ ਸਾਧਨ ਚੱਲਣੇ ਰੁਕ ਗਏ ਸਨ ?

(viii) ਸੁਹੇਲ ਨੇ ਮੂੰਗਫਲੀ ਦੀਆਂ ਗਿਰੀਆਂ ਕਿਸ-ਕਿਸ ਨੂੰ ਖਾਣ ਲਈਆਂ ਦਿੱਤੀਆਂ ?

(ix) ਕਈ ਵਾਰ ਜ਼ਰੂਰੀ ਚਿੱਠੀਆਂ ਆਪਣੇ ਟਿਕਾਣੇ 'ਤੇ ਕਿਉਂ ਨਹੀਂ ਪਹੁੰਚਦੀਆਂ ?

(x) ਕਸ਼ਮੀਰ ਦੇ ਪੰਡਤ ਕਿਹੜੀ ਗੱਲੋਂ ਦੁਖੀ ਸਨ ?

(xi) ਖਰਗੋਸ਼ਾਂ ਦੇ ਗੁੰਮ ਹੋਣ ਦਾ ਭੇਤ ਕਿਵੇਂ ਖੁੱਲ੍ਹਿਆ ?

9X2=18

ਪ੍ਰਸ਼ਨ-4. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਪੰਜਾਬੀ ਸ਼ਬਦਾਂ ਦੇ ਹਿੰਦੀ ਰੂਪ ਲਿਖੋ: 4X1=4

ਭਾਰਤ, ਉਹ, ਧਿਆਨ, ਪਾਣੀ, ਸੋਚਿਆ

ClassResult.in

ਪ੍ਰਸ਼ਨ-5.ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ: 4X1=4

ਧੀਰੇ, ਫਿਰ, ਭਯ, ਜਾਨਵਰ, ਪ੍ਰੇਰਣਾ

ਪ੍ਰਸ਼ਨ-6.ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋ: 4X1=4

ਹਰਮਨ-ਪਿਆਰਾ, ਮਰੀਜ਼, ਮਿਹਨਤ, ਦਾਦੀ, ਮੁਕਾਬਲਾ

ਪ੍ਰਸ਼ਨ-7 .ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਚੁਣ ਕੇ ਖਾਲੀ ਥਾਂਵਾਂ ਭਰੋ:

(ਧਰਮ, ਚਟਨੀ, ਜੰਗਲ, ਸੁੰਦਰ)

(i) ਸਾਹਿਬਜ਼ਾਦਿਆਂ ਨੂੰ ........................ ਬਦਲਣ ਲਈ ਮਜਬੂਰ ਕੀਤਾ ਗਿਆ।

(ii) ਲੂੰਬੜੀ ਦੇ ਮਰਨ ਦੀ ਖ਼ਬਰ ਸਾਰੇ ...................... ਵਿੱਚ ਫੈਲ ਗਈ।

(iii) ਜਿਹੜੀ ਲਿਖਾਈ ਸੁਖਾਲੀ ਪੜ੍ਹੀ ਜਾ ਸਕੇ, ਉਹ ............ ਹੁੰਦੀ ਹੈ।

(iv) ਪੁਦੀਨੇ ਦੀ ..................... ਬੜੀ ਵਧੀਆ ਬਣੀ ਏ। 4X1=4

ਪ੍ਰਸ਼ਨ-8. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਦੇ ਲਿੰਗ ਬਦਲੋ: 4 X1=4

ਮੁੰਡਾ, ਘੋੜਾ, ਚਾਚਾ, ਪਿਤਾ, ਬਾਂਦਰ, ਨਾਨਾ

ਪ੍ਰਸ਼ਨ-9. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਦੇ ਵਚਨ ਬਦਲੋ: 4X1=4

ਕਾਕਾ, ਲੜਕਾ, ਚਿੜੀ, ਪੁਸਤਕ, ਬਸਤਾ

ਪ੍ਰਸ਼ਨ-10. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲੇਖ ਲਿਖੋ 8X1=8

ਗਾਂ, ਮੇਰਾ ਸਕੂਲ, ਮੇਰੇ ਦਾਦਾ ਜੀ, ਮੇਰਾ ਮਿੱਤਰ

ਪ੍ਰਸ਼ਨ-11. ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਜ਼ਰੂਰੀ ਕੰਮ ਹੋਣ ਕਾਰਨ ਛੁੱਟੀ ਲੈਣ ਲਈ ਪੱਤਰ ਲਿਖੋ।

ਜਾਂ

ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਬਿਮਾਰ ਹੋਣ ਕਾਰਨ ਛੁੱਟੀ ਲੈਣ ਲਈ ਪੱਤਰ ਲਿਖੋ। 8X1=8

ClassResult.in

ਨੋਟ: ਨਮੂਨੇ ਦਾ ਇਹ ਪ੍ਰਸ਼ਨ-ਪੱਤਰ ਕੇਵਲ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਪ੍ਰਸ਼ਨ-ਪੱਤਰ ਦਾ ਢੰਗ ਸਮਝਣ ਲਈ ਹੈ। ਸਲਾਨਾ ਪਰੀਖਿਆ ਵਿੱਚ ਪ੍ਰਸ਼ਨਾਂ ਵਿੱਚ ਕੁਝ ਭਿੰਨਤਾ ਹੋ ਸਕਦੀ ਹੈ।